ਗੁਰੂ ਨਾਨਕ - ਸਬਦ ੩੨
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

ਸਾਰ: ਇੱਕੋ ਮਾਂ ਤੋਂ ਪੈਦਾ ਹੋਇਆ ਹਰ ਬੱਚਾ ਆਪਣੀ ਨਿੱਜਤਾ ਦਾ ਪ੍ਰਦਰਸ਼ਨ ਕਰਦਾ ਹੋਇਆ ਇੱਕੋ ਜਿਹੇ ਵਿਕਾਸਮਈ ਲਕਸ਼ ਵੱਲ ਵੱਧਣ ਦਾ ਯਤਨ ਕਰਦਾ ਹੈ। ਉਦਾਹਰਣ ਵਜੋਂ, ਹਰ ਬੱਚਾ ਆਪਣੇ ਸਮੇਂ 'ਤੇ ਹੀ ਚੱਲਣਾ ਸਿੱਖਦਾ ਹੈ। ਪਾਲਣ ਪੋਸ਼ਣ ਕਰਨ ਵਾਲੇ ਵਜੋਂ, ਮਾਂ ਨਤੀਜਾ ਪ੍ਰਾਪਤ ਕਰਨ ਦੀ ਦੌੜ ਵਿੱਚ ਨਹੀਂ ਹੁੰਦੀ।  ਉਸ ਦਾ ਧਿਆਨ ਬੱਚੇ ਦੀ ਗਤੀ ਅਤੇ ਖਾਸ ਵਿਧੀ ਦੀ ਬਜਾਏ ਉਦਮ ਕੇਂਦਰਿਤ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਵਿਅਕਤੀਆਂ ਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਰੂਹਾਨੀ ਸੂਝ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਵਿਲੱਖਣ ਤਰੀਕਿਆਂ ਰਾਹੀਂ ਸਵਿਕਾਰ ਕਰ ਮਹੱਤਵ ਦਿੱਤਾ ਜਾਂਦਾ ਹੈ, ਤਾਂ ਉਹ ਦੂਸਰਿਆਂ ਦੀ ਵਿਲੱਖਣਤਾ ਨੂੰ ਆਦਰ ਅਤੇ ਪਿਆਰ ਕਰਨ ਦਾ ਸਾਹਸ ਪ੍ਰਦਰਸ਼ਿਤ ਕਰਦੇ ਹਨ।  ਇਹ ਵਰਤਾਰਾ ਬੇਹਤਰੀਨ ਸੰਸਾਰ ਸਿਰਜਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੋ ਸਿਰਜਣਹਾਰ ਸਿਰਜਨਾ ਦੇ ਤੌਰ ਤੇ ਪ੍ਰਗਟ ਹੁੰਦਾ ਹੈ; ਸਿਰਜਣਾਤਮਕਤਾ ਦੇ ਨਾਲ ਸਾਂਝ ਪਾ ਕੇ, ਇਹ ਵੰਨ ਸੁਵੰਨੇ ਰੂਪਾਂ ਨੂੰ ਅੰਗੀਕਾਰ ਕਰਦਾ ਹੈ।

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਕੁਝ ਸੰਸਾਰੀ ਕੰਮਾਂ ਵਿੱਚ ਰੁਝੇ ਹੋਏ ਹਨ, ਕੁਝ ਪਦਾਰਥਵਾਦ ਵਿੱਚ, ਅਤੇ ਕੁਝ ਰੂਹਾਨੀ ਸੰਗਤ ਵਿੱਚ ਮਗਨ ਹਨ।

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਸਿਰਜਣਹਾਰ, ਸਰਬ-ਵਿਆਪਕ ਚੇਤਨਾ, ਆਪਣੇ ਪ੍ਰਗਟਾਵੇ ਨੂੰ ਹੁਕਮ ਅਨੁਸਾਰ ਚਲਾਉਂਦੀ ਹੋਈ ਆਪਣੇ ਬਣਾਏ ਹੋਏ ਕੁਦਰਤ ਦੇ ਨਿਯਮਾਂ ਦਾ ਵੀ ਪਾਲਣ ਕਰਦੀ ਹੈ।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਸਰਬ-ਵਿਆਪਕ ਚੇਤਨਾ ਸਭ ਕੁਝ ਦੇਖਦੀ ਹੈ, ਪਰ ਇਸ ਨੂੰ ਦੇਖਿਆ ਨਹੀਂ ਜਾ ਸਕਦਾ; ਇਹ ਸਭ ਤੋਂ ਹੈਰਾਨਮਈ ਹਕੀਕਤ ਹੈ।

ਆਦੇਸੁ ਤਿਸੈ ਆਦੇਸੁ ॥
ਕੁਦਰਤ ਦੇ ਹੁਕਮ ਦਾ ਸਤਿਕਾਰ, ਵਿਸ਼ਵਵਿਆਪੀ ਨਿਯਮ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥
ਸ੍ਰੋਤ, ਬੇਦਾਗ, ਅਨੰਤ, ਅਨਾਦਿ, ਸਰਬ-ਵਿਆਪਕ ਅਣਡਿਠ ਊਰਜਾ ਆਦਿ ਕਾਲ ਤੋਂ ਹੀ ਇੱਕੋ ਇੱਕ ਮੁੱਢਲੀ ਹਸਤੀ ਰਹੀ ਹੈ। (੩੦)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਜੀਵਨ ਦੇਣ ਵਾਲੇ ਸੋਮੇ ਦੀ ਸਰਬ-ਵਿਆਪਕਤਾ ਮਨਮੋਹਕ ਹੈ। ਦਿਲਚਸਪ ਤੌਰ ਤੇ ਇਸ ਦੀ ਹੋਂਦ ਅਣਡਿਠ ਹੈ। ਇਹ ਠੋਸ ਪਰ ਵੰਨ ਸੁਵੰਨੇ ਰੂਪਾਂ ਵਿੱਚ ਪ੍ਰਗਟ ਹੋ ਕੇ ਆਪਣੇ ਹਰ ਪਹਿਲੂ ਨੂੰ ਨਿਹਾਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**